(i) Printed Pages : 4] Roll No. ................................

(ii) Questions : 5]

**Sub. Code : | 0 | 2 | 0 | 3 |**

**Exam. Code : | 0 | 0 | 0 | 3 |**

## B.A./B.Sc. (General) 3rd Semester Examination

# 1127

## PUNJABI

## Paper : Punjabi (Compulsory)

(For B.A. only & Shastri 3rd Semester)

**Time : 3 Hours]** **[Max. Marks : 45**

*Note* :– (i) ਸਾਰੇ ਪ੍ਰਸ਼ਨਾਂ ਦਾ ਉੱਤਰ ਜ਼ਰੂਰੀ ਹੈ।

(ii) ਬੇਲੋੜੇ ਉੱਤਰਾਂ ਨੂੰ ਨਿਰਉਤਸਾਹਿਤ ਕਰੋ।

(iii) ਸਾਫ਼ ਅਤੇ ਸਪਸ਼ਟ ਉੱਤਰਾ ਨੂੰ ਉਤਸਾਹਿਤ ਕਰੋ।

1. (ੳ) ਕਿਸੇ **ਇੱਕ** ਨਿਬੰਧ ਦਾ ਵਿਸ਼ਾ ਦੱਸ ਕੇ ਸਾਰ ਲਿਖੋ : 10

(i) ਲੋਕ-ਵਿਸ਼ਵਾਸ : ਵਹਿਮ-ਭਰਮ

(ii) ਪੰਜਾਬ ਦੀ ਲੋਕਧਾਰਾ ਅਤੇ ਮਾਨਵੀ ਚੇਤਨਾ

(iii) ਉੱਤਰ ਭਾਰਤੀ ਰੁੱਤ-ਚੱਕਰ

(ਅ) ਕਿਸੇ ਇੱਕ ਸੱਭਿਆਚਾਰਕ ਸੰਕਲਪ ਨੂੰ ਸਪਸ਼ਟ ਕਰੋ : 5

(i) ਅਖਾਣ

(ii) ਵਿਰਾਸਤੀ ਖੇਡਾਂ

(iii) ਲੋਕ ਚਿਕਿਤਸਾ ਤੇ ਲੋਕਧਾਰਾ

2. ਪੰਜ ਆਬ ਪੁਸਤਕ ਦੇ ਆਧਾਰ ਤੇ ਹੇਠ ਲਿਖਿਆਂ ਵਿਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ : 1×5=5

(i) ਮੇਰੇ ਪਿੰਡ ਦੇ ਇਸ਼ਟ ਨਿਬੰਧ ਵਿੱਚ ਲੇਖਕ ਨੇ ਮਾਤਾ ਦੀਆਂ ਕਿਹੜੀਆਂ ਕਿਸਮਾਂ ਦੱਸੀਆਂ ਹਨ ?

(ii) ਪੰਜਾਬ ਦਾ ਅਸਲੀ ਸੱਭਿਆਚਾਰ ਕਿੱਥੇ ਦੇਖਣ ਨੂੰ ਮਿਲਦਾ ਹੈ ?

(iii) ਪੰਜਾਬ ਨੂੰ ਗੁਰੂਆਂ ਤੇ ਰਿਸ਼ੀਆਂ-ਮੁਨੀਆਂ ਦਾ ਪੰਘੂੜਾਂ ਕਿਉਂ ਕਿਹਾ ਜਾਂਦਾ ਹੈ ?

(iv) ਰੁੱਧ ਖੋਟ ਨੂੰ ਦੂਰ ਕਰਨ ਲਈ ਕੀ ਕੀਤਾ ਜਾਂਦਾ ਹੈ ?

(v) ਬਸੰਤ ਰੁੱਤ ਦਾ ਜ਼ਿਕਰ ਕਰਦਿਆਂ ਲੇਖਕ ਨੇ ਕਿੰਨ੍ਹਾਂ-ਕਿੰਨ੍ਹਾਂ ਰੁੱਖਾਂ ਦਾ ਜ਼ਿਕਰ ਕੀਤਾ ਹੈ ?

(vi) ਜੰਗ ਸੰਬੰਧੀ ਲੋਕ ਗੀਤਾਂ ਦੀ ਰਚਨਾ ਕਿਹੜੀਆਂ-ਕਿਹੜੀਆਂ ਲੜਾਈਆਂ ਤੋਂ ਪ੍ਰਭਾਵਿਤ ਹੋ ਕੇ ਕੀਤੀ ਗਈ ?

(vii) 'ਪੰਜਾਬ ਦੀਆਂ ਵਿਰਾਸਤੀ ਖੇਡਾਂ' ਨਿਬੰਧ ਵਿੱਚ ਕਿਹੜੀਆਂ ਵਿਰਾਸਤੀ ਖੇਡਾਂ ਦਾ ਜ਼ਿਕਰ ਹੋਇਆ ਹੈ ?

(viii) ਲੋਕ ਚਿਕਿਤਸਾ ਦਾ ਸੰਬੰਧ ਕਿੰਨਾਂ ਲੋਕ-ਵਿਸ਼ਵਾਸਾਂ ਨਾਲ ਹੈ ?

3. ਮੋਬਾਇਲ ਫੋਨ ਦੇ ਅਜੋਕੇ ਜੀਵਨ ਉੱਪਰ ਪੈ ਰਹੇ ਬੁਰੇ ਪ੍ਰਭਾਵਾਂ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

ਜਾਂ

ਪੰਜਾਬ ਰਾਜ ਵਿੱਚ ਦਿਨ-ਬ-ਦਿਨ ਵਧ ਰਹੀ ਗੁੰਡਾਗਰਦੀ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। 8

4. ਪੰਜਾਬੀ ਭਾਸ਼ਾ ਦੇ ਵਰਤਮਾਨ ਅਤੇ ਭਵਿੱਖ ਬਾਰੇ ਵਿਚਾਰ ਪ੍ਰਗਟ ਕਰੋ।

ਜਾਂ

ਪੰਜਾਬੀ ਭਾਸ਼ਾ ਦਾ ਦੂਸਰੀਆਂ ਭਾਸ਼ਾਵਾਂ ਨਾਲ ਕੀ ਸੰਬੰਧ ਹੈ ? ਸੰਖੇਪ ਵਰਣਨ ਕਰੋ। 7

5. (ੳ) ਸੰਬੰਧਕ ਕੀ ਹੁੰਦਾ ਹੈ ? ਇਸ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਓ।

ਜਾਂ

ਪੜਨਾਂਉਂ ਕੀ ਹੁੰਦਾ ਹੈ ? ਇਸ ਦੀਆਂ ਕਿਸਮਾਂ ਬਾਰੇ ਉਦਾਹਰਣਾਂ ਸਹਿਤ ਜਾਣਕਾਰੀ ਦਿਓ। 6

(ਅ) ਹੇਠ ਲਿਖਿਆਂ ਵਿਚੋਂ ਕੋਈ ਦੋ ਪ੍ਰਸ਼ਨ ਕਰੋ : 2+2=4

(i) ਹੇਠ ਲਿਖੇ ਵਾਕ ਵਿੱਚੋ ਕਿਰਿਆ ਚੁਣੋ :

ਉੱਚੀ ਬੋਲਣ ਨਾਲ ਉਸਦਾ ਗਲਾ ਬੈਠਾ ਗਿਆ।

(ii) ਵਿਸਮਿਕ ਦੀ ਕਿਸਮ ਦੱਸੋ :

ਆਹਾ! ਅਸੀਂ ਸੋਚ ਜਿੱਤ ਗਏ।

(iii) ਹੇਠ ਲਿਖੇ ਵਾਕ ਵਿੱਚੋ ਪੜਨਾਉਂ ਚੁਣੋ :

ਉਹ ਆਪਣੇ-ਆਪ ਨਾਲ ਲੜ ਰਿਹਾ ਹੈ।

(iv) ਹੇਠ ਲਿਖੇ ਵਾਕ ਵਿਚੋਂ ਸੰਬੰਧਕ ਚੁਣੋ :

ਸੁਰਿੰਦਰ ਦੇ ਦੋਸਤ ਦਾ ਐਕਸੀਡੈਂਟ ਹੋ ਗਿਆ।